# ਨਗਰ ਨਿਗਮ, ਮੋਗਾ ਦੀ

# ਵਿੱਤ ਅਤੇ ਠੇਕਾ ਕਮੇਟੀ ਦੀ

# ਕਾਰਵਾਈ ਮੀਟਿੰਗ ਮਿਤੀ 25-10-2021

# (ਐਫ.ਐਡ.ਸੀ.ਸੀ)

ਮੀਟਿੰਗ ਮਿਤੀ :25-10-2021

ਦਿਨ ਸੋਮਵਾਰ **ਸਮਾਂ** ਸਵੇਰੇ 10:30 **ਵਜੇ**

(ਮਤਾ ਨੰਬਰ :89 ਤੋ 100 )

ਕੁੱਲ ਪੰਨੇ : 01 ਤੋ 13

# ਮੀਟਿੰਗ ਦੀ ਕਾਰਵਾਈ ਮਿਤੀ :25-10-2021

# (ਐਫ . ਐਡ . ਸੀ . ਸੀ)

## <u>ਮਤਾ ਨੰਬਰ 89 ਤੋ 100 ਮਿਤੀ 25-10-2021</u>

ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮੇਅਰ ਸ੍ਰੀਮਤੀ ਨੀਤਿਕਾ ਭੱਲਾ, ਨਗਰ ਨਿਗਮ ਮੋਗਾ ਜੀ ਦੀ ਪ੍ਰਧਾਨਗੀ ਹੇਠ ਮਿਤੀ 25-10-2021 ਸਮਾਂ ਸਵੇਰੇ 10:30 ਵਜੇ ਦਿਨ ਵੀਰਵਾਰ ਦਫਤਰ ਮੇਅਰ, ਨਗਰ ਨਿਗਮ ਮੋਗਾ ਵਿਖੇ ਕੀਤੀ ਗਈ ਇਸ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਹਾਜਰ ਹੋਏ:-

1) ਸ੍ਰੀ ਸੁਰਿੰਦਰ ਸਿੰਘ, ਪੀ.ਸੀ.ਐਸ, ਕਮਿਸ਼ਨਰ, ਨਗਰ ਨਿਗਮ ਮੋਗਾ।
2) ਸ੍ਰੀ ਪ੍ਰਵੀਨ ਕੁਮਾਰ, ਸੀਨੀਅਰ ਡਿਪਟੀ ਮੈਂਬਰ, ਨਗਰ ਨਿਗਮ ਮੋਗਾ।
3) ਸ੍ਰੀ ਅਸ਼ੋਕ ਧਮੀਜਾ, ਡਿਪਟੀ ਮੇਅਰ, ਮੈਂਬਰ।
4) ਸ੍ਰੀ ਤੀਰਥ ਰਾਮ, ਮੈਂਬਰ, ਐਫ.ਐਡ.ਸੀ.ਸੀ (ਕੌਂਸਲਰ, ਵਾਰਡ ਨੰਬਰ : 40)
5) ਸ੍ਰੀਮਤੀ ਪਾਇਲ ਗਰਗ, ਮੈਂਬਰ, ਐਫ.ਐਡ.ਸੀ.ਸੀ (ਕੌਂਸਲਰ, ਵਾਰਡ ਨੰਬਰ : 41)

ਮੀਟਿੰਗ ਸ਼ੁਰੂ ਹੋਣ ਤੇ ਮਾਣਯੋਗ ਮੇਅਰ ਸਾਹਿਬ ਜੀ ਨੇ ਰੈਗੂਲਰ ਏਜੰਡੇ ਦੀਆਂ ਤਜਵੀਜਾਂ ਲੜੀਵਾਰ ਪੜਨ ਦੇ ਆਦੇਸ਼ ਦਿੱਤੇ। ਜੋ ਕਿ ਲੜੀਵਾਰ ਤਜਵੀਜ ਹੇਠ ਲਿਖੇ ਅਨੁਸਾਰ ਪੇਸ਼ ਕੀਤੀ ਗਈ।

## ਏਜੰਡਾ ਆਇਟਮ ਹੇਠ ਲਿਖੇ ਅਨੁਸਾਰ ਹਨ :-

**ਤਜਵੀਜ ਨੰਬਰ** : 01

Name of Work: Supply of Submersible Pumps 15 HP for Tubewells

( Est. Amt.3.22 Lacs)

ੳ ਐਡ ਐਮ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕਮਿਸ਼ਨਰ ਨਗਰ ਨਿਗਮ ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ 15-09-2021 ਲਈ ਮੰਗੇ ਗਏ ਸਨ। ਕੰਮ ਦੀ ਟੈਕਨੀਕਲ ਬਿਡ ਮਿਤੀ 16-09-2021 ਨੂੰ ਖੋਲ੍ਹੀ ਗਈ ਸੀ। ਸਫਲ ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਤੀ 11-10-2021 ਨੂੰ ਮਿਲਣ ਉਪਰੰਤ ਇਸ ਕੰਮ ਦੀ ਫਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਕੇਵਲ ਇੱਕ ਫਰਮ ਦੇ ਰੇਟ ਪ੍ਰਾਪਤ ਹੋਏ:-

| Name of Work | Supply of Submersible Pumps 15 HP for Tubewells ( Est.Amt.3.22 Lacs) | |
|---|---|---|
| NIT | Name of Contractor /Firm/ Society | Rates of Contractor |
| Sr.No.5 | The Nahal Coop L&C Society | OAS 3.00% Below<br>Tender Amount Rs.3,12,340/- |

ਉਕਤ ਫਰਮ The Nahal Coop L&C Society ਇਸ ਕੰਮ ਨੂੰ ਤਖਮੀਨਾਂ ਰਾਸ਼ੀ ਰੁਪਏ 3,22,000/-ਰੁਪਏ ਤੋਂ Below 3% (Tender Amount Rs.3,12,340/-) ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ, ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਇਸ ਕੰਮ ਦਾ ਟੈਂਡਰ ਚੌਥੀ ਵਾਰ ਕਾਲ ਕੀਤਾ ਗਿਆ ਹੈ। ਉਕਤ ਕੰਮ ਨੂੰ ਅਲਾਟ ਕਰਨ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**<u>ਮਤਾ ਨੰਬਰ : 89 ਸਰਵਸੰਮਤੀ ਨਾਲ ਪ੍ਰਵਾਨ ਹੈ।</u>**

ਮੇਅਰ
ਨਗਰ ਨਿਗਮ, ਮੋਗਾ

ਤਜਵੀਜ ਨੰਬਰ : 02

Name of Work: Supply of Manhole Metal Detector.(Est.Amt.1.04 Lacs)

ਓ ਐਂਡ ਐਮ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕਮਿਸ਼ਨਰ ਨਗਰ ਨਿਗਮ ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ 15-09-2021 ਲਈ ਮੰਗੇ ਗਏ ਸਨ। ਕੰਮ ਦੀ ਟੈਕਨੀਕਲ ਬਿਡ ਮਿਤੀ 16-09-2021 ਨੂੰ ਖੋਲ੍ਹੀ ਗਈ ਸੀ। ਸਫਲ ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਤੀ 11-10-2021 ਨੂੰ ਮਿਲਣ ਉਪਰੰਤ ਇਸ ਕੰਮ ਦੀ ਫਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਕੇਵਲ ਇੱਕ ਫਰਮ ਦੇ ਰੇਟ ਪ੍ਰਾਪਤ ਹੋਏ:-

| Name of Work | Supply of Manhole Metal Detector. ( Est.Amt.1.04 Lacs) | |
|---|---|---|
| NIT Sr.No. 8 | Name of Contractor /Firm/ Society | Rates of Contractor |
| | Malwa and Company | OAS 1.50% Below Tender Amount Rs.1,02,440/- |

ਉਕਤ ਫਰਮ Malwa and Company ਇਸ ਕੰਮ ਨੂੰ ਤਖਮੀਨਾਂ ਰਾਸ਼ੀ ਰੁਪਏ 2,04,000/-ਰੁਪਏ ਤੋਂ Below 1.50% (Tender Amount Rs.1,02,440/- ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ, ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਇਸ ਕੰਮ ਦਾ ਟੈਂਡਰ ਚੌਥੀ ਵਾਰ ਕਾਲ ਕੀਤਾ ਗਿਆ ਹੈ। ਉਕਤ ਕੰਮ ਨੂੰ ਅਲਾਟ ਕਰਨ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 90 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ

ਤਜਵੀਜ ਨੰਬਰ : 03

Name of Work: Laying Const of Metled road at Saw Mill Street Near Sanket Mochen Temple w-21

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਪਹਿਲਾ ਇਹ ਕੰਮ ਅਰਬਨ ਮਿਸ਼ਨ ਤਹਿਤ ਪ੍ਰਾਪਤ ਗ੍ਰਾਂਟ ਵਿੱਚੋ ਕਰਵਾਇਆ ਜਾਣਾ ਸੀ, ਜਿਸ ਤਹਿਤ ਉਕਤ ਕੰਮ ਟੈਂਡਰ ਕਾਲ ਕਰਨ ਉਪਰੰਤ ਵਰਕ ਆਰਡਰ ਨੰ: 54/36 ਮਿਤੀ 14-09-2016 ਰਾਹੀਂ ਤਖਮੀਨਾ ਰਾਸ਼ੀ 15.82 ਲੱਖ ਦੀ ਲਾਗਤ ਨਾਲ ਕਰਵਾਉਣ ਲਈ ਮੈਸ: ਦਾਸ ਬਿਲਡਿਰਜ ਨੂੰ 2 ਮਹੀਨੇ ਅਲਾਟ ਕੀਤਾ ਗਿਆ ਸੀ। ਪਰੰਤੂ ਫਰਮ ਵੱਲੋ ਸਮੇਂ ਸਿਰ ਮੁਕੰਮਲ ਨਾ ਕਰਨ ਕਰਕੇ ਵੱਖ-ਵੱਖ ਪੱਤਰਾਂ ਰਾਹੀਂ ਕੰਮ ਨੂੰ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ, ਪਰੰਤੂ ਸਬੰਧਤ ਫਰਮ ਵੱਲੋ ਕੰਮ ਨੂੰ ਸਮੇਂ ਸਿਰ ਮੁਕੰਮਲ ਨਹੀ ਕੀਤਾ ਗਿਆ। ਜਿਸ ਕਰਕੇ ਨਿਗਮ ਹਾਉਸ ਵੱਲੋ ਸਖ਼ਤ ਐਕਸ਼ਨ ਲੈਂਦੇ ਹੋਏ ਸੁਸਾਇਟੀ

ਨੂੰ ਬਲੈਕ ਲਿਸਟ ਕਰਨਾ ਪਾਸ ਕੀਤਾ ਗਿਆ ਸੀ। ਪ੍ਰੰਤੂ ਫਰਮ ਵੱਲੋ ਦੁਬਾਰਾ ਮਾਨਯੋਗ ਮੇਅਰ ਅਤੇ ਕਮਿਸ਼ਨਰ ਸਾਹਿਬ ਜੀ ਨੂੰ ਮਿਲ ਕੇ ਲਿਖਤੀ ਬੇਨਤੀ ਕੀਤੀ ਗਈ ਕਿ ਸਾਫੀ ਫਰਮ ਸਾਰੇ ਕੰਮ ਜਲਦ ਮੁਕੰਮਲ ਕਰ ਦਵੇਗੀ। ਪਰੰਤੂ ਇਸ ਉਪਰੰਤ ਵੀ ਸਬੰਧਤ ਫਰਮ ਵੱਲੋ ਉਕਤ ਕੰਮ ਨੂੰ ਮੁਕੰਮਲ ਕਰਨ ਵਿੱਚ ਕੋਈ ਦਿਲਚਸਪੀ ਨਹੀ ਦਿਖਾਈ। ਜਿਸ ਤੇ ਇਸ ਦਫਤਰ ਦੇ ਪੱਤਰ ਨੰ: 262/ਸਿਵਲ ਮਿਤੀ 22-10-2018 ਰਾਹੀਂ ਉਪਰੋਕਤ ਦੇ ਮਦੇਨਜ਼ਰ ਦੇ MW-4 ਰੂਲਾ ਅਤੇ ਐਗਰੀਮੈਂਟ ਦੀਆਂ ਸ਼ਰਤਾਂ ਅਨੁਸਾਰ ਤਖਮੀਨੇ ਦੀ ਰਕਮ 15.82 ਲੱਖ ਉਪਰ 10% ਪਨੈਲਟੀ ਜ਼ੋ ਕਿ 1,58,000/- ਰੁਪਏ ਬਣਦੀ ਹੈ, ਲਗਾਈ ਗਈ। ਜਿੱਕਰ ਯੋਗ ਹੈ ਕਿ ਉਕਤ ਕੰਮ ਅਰਬਨ ਮਿਸ਼ਨ ਤਹਿਤ ਕਰਵਾਇਆ ਜਾ ਰਿਹਾਂ ਸੀ। ਇਸ ਅਧੂਰੇ ਪਏ ਕੰਮ ਨੂੰ ਮੁਕੰਮਲ ਕਰਨ ਲਈ ਇਲਾਕਾ ਨਿਵਾਸੀਆਂ ਦੇ ਨਾਲ ਸਬੰਧਤ ਕੌਂਸਲਰ ਅਤੇ ਮਾਨਯੋਗ ਮੇਅਰ ਸਾਹਿਬ ਜੀ ਵੱਲੋ ਵੀ ਵਾਰ-ਵਾਰ ਜ਼ੋਰ ਪਾਇਆ ਜਾ ਰਿਹਾਂ ਸੀ। ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਬਾਕੀ ਦੇ ਰਹਿੰਦੇ ਕੰਮ ਨੂੰ ਠੇਕੇਦਾਰ ਦੀ ਰਿਸਕ ਅਤੇ ਕੱਾਸਟ ਤੇ ਟੈਂਡਰ ਲਗਾ ਕੇ ਕਰਵਾਏ ਜਾਣ ਲਈ ਨਿਗਮ ਦੇ ਹਾਉਸ ਵੱਲੋ ਮਤਾ ਨੰ: 128 ਮਿਤੀ 05-12-2018 ਰਾਹੀਂ ਪ੍ਰਵਾਨ ਕੀਤਾ ਗਿਆ। ਜਿਸ ਨੂੰ ਸਥਾਨਕ ਸਰਕਾਰ ਵੱਲੋ ਆਪਣੇ ਦਫ਼ਤਰੀ ਪੱਤਰ ਨੰ: ਸ5-ਡਸਸ-ਮਸਸ-2019/4019 ਮਿਤੀ 23-01-2019 ਰਾਹੀਂ ਪ੍ਰਵਾਨਗੀ ਦਿੱਤੀ ਗਈ।

ਇਸ ਉਪਰੰਤ ਉਕਤ ਕੰਮ ਕਰਵਾਉਣ ਲਈ ਪਹਿਲੀ ਵਾਰ ਮਿਤੀ 03-08-2020 ਅਤੇ ਦੂਜੀ ਵਾਰ ਮਿਤੀ 24-08-2020 ਲਈ ਟੈਂਡਰ ਕਾਲ ਕੀਤੇ ਗਏ ਪਰੰਤੂ ਕੋਈ ਵੀ ਬਿਡ ਪ੍ਰਾਪਤ ਨਾ ਹੋਣ ਕਰਕੇ ਇਸ ਕੰਮ ਨੂੰ ਤੀਸਰੀ ਵਾਰ ਮਿਤੀ 08-10-2020 ਲਈ ਕਾਲ ਕੀਤਾ ਗਿਆ, ਇਸ ਵਾਰ ਇਸ ਕੰਮ ਲਈ ਇੱਕ ਬਿਡ ਪ੍ਰਾਪਤ ਹੋਈ। ਸਮਰੱਥ ਅਧਿਕਾਰੀ ਪਾਸੋ ਪ੍ਰਵਾਨਗੀ ਲੈਣ ਉਪੰਰਤ ਉਕਤ ਕੰਮ ਦਾ ਟੈਂਡਰ ਖੋਲਿਆ ਗਿਆ। ਟੈਂਡਰ ਪ੍ਰਕਿਰਿਆ ਪੂਰੀ ਹੋਣ ਉਪਰੰਤ ਉਕਤ ਕੰਮ ਇਸ ਦਫਤਰ ਦੇ ਵਰਕ ਆਰਡਰ ਨੰ: 43/42 ਮਿਤੀ 03-11-2020 ਰਾਹੀ. 3% ਓਵਰ ਆਲ ਸੇਵਿੰਗ ਉਪਰ M/s Ganesh Constructions ਨੂੰ ਤਖਮੀਨਾ ਰਾਸ਼ੀ 7.38 ਲੱਖ ਦੀ ਲਾਗਤ ਨਾਲ ਮੁਕੰਮਲ ਕਰਨ ਲਈ ਅਲਾਟ ਕੀਤਾ ਗਿਆ। ਪ੍ਰੰਤੂ ਮੌਕੇ ਤੇ ਪੁਰਾਣਾ ਕੀਤਾ ਹੋਇਆ ਪੱਥਰ ਦਾ ਕੰਮ ਖਰਾਬ ਹੋ ਚੁੱਕਾ ਸੀ ਅਤੇ ਹੈਵੀ ਵਹੀਕਲ ਦੀ ਆਵਾ ਜਾਹੀ ਕਰਕੇ ਸੜਕ ਦਾ ਲੇਵਲ ਵੀ ਖਰਾਬ ਹੋ ਚੁੱਕਾ ਹੈ। ਜਿਸ ਕਰਕੇ ਇਸ ਕੰਮ ਵਿੱਚ ਮਿੱਟੀ ਅਤੇ ਪੱਥਰ ਪਾ ਕੇ ਪੀ.ਸੀ. ਪਾਉਣ ਦਾ ਕੰਮ ਕਰਵਾਉਣ ਦੀ ਜਰੂਰਤ ਹੈ, ਕਿਉ ਜ਼ੋ ਤਖਮੀਨੇ ਵਿੱਚ ਮਿੱਟੀ ਅਤੇ ਪੱਥਰ ਦੀ ਆਇਟਮ ਨਹੀ ਲਈ ਗਈ ਹੈ। ਇਸ ਲਈ ਤਖਮੀਨਾ ਵਿੱਚ ਲਈ ਸੜਕ ਨੂੰ 7.38 ਲੱਖ ਵਿੱਚ ਨਹੀ ਬਣਾਇਆ ਜਾ ਸਕਦਾ ਹੈ। ਇਸ ਲਈ ਸੰਕਟ ਮੋਚਣ ਮੰਦਰ ਵਾਲੀਆਂ ਗਲੀਆਂ ਵਿੱਚ ਮਿੱਟੀ ਅਤੇ ਪੱਥਰ ਪਾਕੇ ਪੀ.ਸੀ. ਦਾ ਕੰਮ ਕਰਵਾਉਣ ਲਈ ਨਵਾਂ ਤਖਮੀਨਾ ਤਿਆਰ ਕੀਤਾ ਜਾ ਰਿਹਾਂ ਹੈ, ਹਾਉਸ ਦੀ ਪ੍ਰਵਾਨਗੀ ਉਪਰੰਤ ਟੈਂਡਰ ਲਗਾ ਕੇ ਕੰਮ ਕਰਵਾ ਦਿੱਤਾ ਜਾਵੇਗਾ।

ਜਿੱਕਰ ਯੋਗ ਹੈ ਕਿ ਇਲਾਕਾ ਐਮ.ਐਲ.ਏ ਸ੍ਰੀ ਹਰਜੋਤ ਕਮਲ ਜੀ, ਸ੍ਰੀ ਪਰਵੀਨ ਕੁਮਾਰ ਸ਼ਰਮਾਂ, ਸੀਨੀਅਰ ਡਿਪਟੀ ਮੇਅਰ ਜੀ ਅਤੇ ਗੁਰਮਿੰਦਰਜੀਤ ਸਿੰਘ ਬਬਲੂ, ਸਾਬਕਾ ਕੋਂਸਲਰ ਜੀ ਵੱਲੋ ਲਿਖਿਆ ਗਿਆ ਹੈ ਕਿ ਵਾਰਡ ਨੰ: 9 ਵਿਖੇ ਰੱਬ ਜੀ ਵਾਲੀ ਗਲੀ ਦੀ ਹਾਲਤ ਬਹੁਤ ਖਸਤਾ ਹੈ, ਇਸ ਨੂੰ ਬਣਾਇਆ ਜਾਵੇ। ਸਿਵਲ ਸ਼ਾਖਾ ਵੱਲੋ ਮੌਕਾ ਚੈਕ ਕੀਤਾ ਗਿਆ ਮੋਕੇ ਤੇ ਗਲੀ ਵਿੱਚ ਪੁਰਾਣਾ ਪੀ.ਸੀ. ਦਾ ਕੰਮ ਕੀਤਾ ਹੋਇਆ ਹੈ, ਜਿਸ ਦਾ ਸਰਫੇਸ ਖਰਾਬ ਹੋ ਗਿਆ ਹੈ ਅਤੇ ਕੁਝ ਥਾਵਾਂ ਤੇ ਪੋਟਹੋਲ ਪਏ ਹੋਏ ਹਨ। ਇਸ ਸੜਕ ਨੂੰ ਬਣਾਉਣ ਤੇ ਤਕਰੀਬਨ 2.50 ਦਾ ਖਰਚ ਆਉਣ ਦੀ ਸੰਭਾਵਨਾ ਹੈ। ਇਸ ਤੋ ਇਲਾਵਾ ਸ਼ਹਿਰ ਵਿੱਚ ਕੁਝ ਥਾਵਾ ਜਿਵੇ ਕਿ ਵਿਰਦੀ ਵਾਲੀ ਗਲੀ ਨੇੜੇ ਪੀ. ਮਰਕਾ, ਚੜਿਕ ਰੋਡ ਆਦਿ ਤੇ ਪੈਚ ਵਰਕ ਕਰਵਾਉਣ ਦੀ ਜਰੂਰਤ ਹੈ।

ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਹਨਾਂ ਸੰਕਟ ਮੋਚਣ ਵਾਲੀਆਂ ਗਲੀਆਂ ਵਿੱਚ ਕੰਮ ਨਾ ਕਰਦੇ ਹੋਏ, ਸਾਈਟ ਬਦਲ ਕੇ ਵਾਰਡ ਨੰ: 9 ਵਿਖੇ ਰੱਬ ਜੀ ਵਾਲੀ ਗਲੀ ਉਕਤ ਕੰਮ ਵਿੱਚੋ ਬਣਾਈ ਜਾ ਸਕਦੀ ਹੈ। ਸੋ ਲੋਕਾ ਦੀ ਸਮਸਿਆ ਨੂੰ ਮੁੱਖ ਰੱਖਦੇ ਹੋਏ ਉਕਤ ਕੰਮ ਵਿੱਚੋ ਵਾਰਡ ਨੰ: 9 ਵਿਖੇ ਰੱਬ ਜੀ ਵਾਲੀ ਗਲੀ ਪੀ.ਸੀ. ਪਾਉਣ ਦਾ ਕੰਮ ਕਰਾਵਾਉਣ ਅਤੇ ਵਿਰਦੀ ਵਾਲੀ ਗਲੀ ਨੇੜੇ ਪੀ. ਮਰਕਾ, ਚੜਿਕ ਰੋਡ ਆਦਿ ਤੇ ਪੈਚ ਵਰਕ ਦਾ ਕੰਮ ਪਹਿਲਾ ਤੋ ਪ੍ਰਵਾਨ ਹੋਏ ਰੇਟਾਂ -3% ਓਵਰ ਆਲ ਸੈਵਿੰਗ ਉਪਰ ਕੰਮ ਕਰਵਾਉਣ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ। ਉਕਤ ਕੰਮ ਨੂੰ ਅਲਾਟ ਕਰਨ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 91 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ

ਤਜਵੀਜ ਨੰਬਰ : 04

Name of Work: Const. of Boundary wall and Providing GI Shed for various compost Pits in Moga **ਦੇ ਵਿੱਚੋ ਸਵਾਗਤੀ ਗੇਟਾਂ ਉਪਰ** Iron Post with Chain **ਲਗਾਉਣ ਦੀ ਪ੍ਰਵਾਨਗੀ ਦੇਣ ਸਬੰਧੀ।**

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਸ਼ਹਿਰੀ ਪੰਜਾਬ ਵਾਤਾਰਵਣ ਸੁਧਾਰ ਪ੍ਰੋਗਰਾਮ ਫੇਸ-2 ਤਹਿਤ ਸ਼ਹਿਰ ਦੀ ਵੱਖ- ਵੱਖ ਐਂਟਰੀ ਪੁਆਇੰਟਾ ਉਪਰ ਸਵਾਗਤੀ ਗੇਟ ਬਣਾਉਣ ਦਾ ਕਰਵਾਇਆ ਜਾ ਰਿਹਾਂ ਹੈ। ਇਸ ਕੰਮ ਵਿੱਚ ਮੋਗਾ ਲੁਧਿਆਣਾ ਰੋਡ , ਮੋਗਾ ਫਿਰੋਜਪੁਰ ਰੋਡ , ਮੋਗਾ ਕੋਟਕਪੂਰਾ ਰੋਡ ਅਤੇ ਮੋਗਾ ਅਮ੍ਰਿਤਸਰ ਰੋਡ ਉਪਰ ਸਵਾਗਤੀ ਗੇਟ ਬਣਾਏ ਜਾਣੇ ਹਨ। ਇੱਥੇ ਦੱਸਣਯੋਗ ਹੈ ਕਿ ਨੈਸ਼ਨਲ ਹਾਈਵੇ ਵੱਲੋ ਆਪਣੇ ਪੱਤਰ ਨੰ: 200/1/2020/ NHAI/ PIU-LDH/6306 ਮਿਤੀ 04-02-2021 ਰਾਹੀਂ ਇਹਨਾਂ ਸਵਾਗਤੀ ਗੇਟਾਂ ਨੂੰ Crash Barrier ਬਣਾਉਣ ਦੀ ਹਦਾਇਤ ਕੀਤੀ ਗਈ ਹੈ। ਇਸ ਕਾਰਨ ਇਹਨਾਂ ਸਵਾਗਤੀ ਗੇਟਾਂ ਦੇ ਆਲੇ-ਦੁਆਲੇ Iron Post with Chain ਲਗਾਏ ਜਾਣੇ ਹਨ। ਇਸ ਕੰਮ ਲਈ ਮਰਕੀਟ ਰੇਟਾਂ ਤੇ ਖਰਚਾ ਪ੍ਰਾਪਤ ਕੀਤਾ ਗਿਆ ਹੈ। ਇੱਕ ਸਵਾਗਤੀ ਗੇਟ ਦੇ ਆਲੇ-ਦੁਆਲੇ Iron Post with Chain ਲਗਾਉਣ ਤੇ ਅੰਦਾਜਣ ਖਰਚਾ 94,800/- ਸਮੇਤ ਜੀ.ਐਸ.ਟੀ. ਆਵੇਗਾ। ਇਸ ਅਨੁਸਾਰ ਜੇਕਰ ਚਾਰਾਂ ਸਵਾਗਤੀ ਗੇਟਾਂ ਦੇ ਆਲੇ-ਦੁਆਲੇ Iron Post with Chain ਲਗਾਉਣ ਦਾ ਖਰਚਾ 94,800 x 4 = 3,79,200/- ਰੁਪਏ ਖਰਚਾ ਆ ਜਾਂਦਾ ਹੈ। ਕਿਉ ਸਵਾਗਤੀ ਗੇਟ ਬਣਾਉਣ ਦਾ ਕੰਮ ਸ਼ਹਿਰੀ ਪੰਜਾਬ ਵਾਤਾਰਵਣ ਸੁਧਾਰ ਪ੍ਰੋਗਰਾਮ ਫੇਸ ਫੈਸ-2 ਵਿੱਚੋ ਕਰਵਾਇਆ ਜਾ ਰਿਹਾਂ ਹੈ ਅਤੇ ਇਸ ਦੇ ਪਾਸ ਹੋਏ ਤਖਮੀਨੇ ਵਿੱਚ Iron Post with Chain ਦੀ ਆਈਟਮ ਨਹੀ ਲਈ ਗਈ ਸੀ। ਇਸ ਲਈ Iron Post with Chain ਦਾ ਕੰਮ ਐਂਟਰੀ ਪੁਆਇੰਟਾ ਦੇ ਕੰਮ ਵਿੱਚੋ ਨਹੀ ਕਰਵਾਇਆ ਜਾ ਸਕਦਾ।

ਜਿੱਕਰ ਯੋਗ ਹੈ ਕਿ ਵਿਸ਼ੇ ਅਧੀਨ ਕੰਮ Const. of Boundary wall and Providing GI Shed for various compost Pits in Moga Est. Amt. 38.85 Lacs ਇਸ ਦਫਤਰ ਦੇ ਵਰਕ ਆਰਡਰ ਨੰ: 44/36 ਮਿਤੀ 15-06-2021 ਰਾਹੀਂ ਮੈਸ: ਰਿਸ਼ੀ ਗੁਪਤਾ ਠੇਕੇਦਾਰ ਨੂੰ ਓਵਰ ਆਲ ਸੇਵਿੰਗ -5.86% ਤੇ ਅਲਾਟ ਕੀਤਾ ਹੈ। ਇਹ ਕੰਮ ਮਿਉਸਪਲ ਫੰਡ ਵਿੱਚੋ ਕਰਵਾਇਆ ਜਾਣਾ ਹੈ। ਸਵਾਗਤੀ ਗੇਟਾਂ ਉਪਰ Iron Post with Chain ਲਗਾਉਣ ਦਾ ਕੰਮ ਇਸ ਕੰਮ ਵਿੱਚੋ ਕਰਵਾਇਆ ਜਾ ਸਕਦਾ ਹੈ। ਜੇਕਰ ਪ੍ਰਵਾਨ ਹੋਵੇ ਤਾਂ ਉਕਤ ਕੰਮ ਦੀ ਤਖਮੀਨਾ ਰਾਸ਼ੀ 38.85 ਲੱਖ ਵਿੱਚ 10% ਵਾਧਾ ਕਰਦੇ ਹੋਏ ਸਵਾਗਤੀ ਗੇਟਾਂ ਉਪਰ Iron Post with Chain ਲਗਾਉਣ ਦਾ ਕੰਮ ਮੈਸ: ਰਿਸ਼ੀ ਗੁਪਤਾ ਠੇਕੇਦਾਰ ਤੋ ਓਵਰ ਆਲ ਸੇਵਿੰਗ -5.86% ਉਪਰ ਕਰਵਾਉਣ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ। ਉਕਤ ਕੰਮ ਨੂੰ ਅਲਾਟ ਕਰਨ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 92 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ

ਤਜਵੀਜ ਨੰਬਰ : 05

Name of Work: Multistory Parking in Old Grain Market, Moga.

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਵਿਸ਼ੇ ਅਧੀਨ ਕੰਮ ਨੂੰ ਕਰਵਾਉਣ ਲਈ (**Design, Drawings and Estimate**) Consultant ਹਾਇਰ ਕਰਨ ਲਈ **EOI** ਮਿਤੀ 21-04-2021 ਲਈ ਮੰਗਿਆ ਗਿਆ ਸੀ। ਇਸ ਕੰਮ A&K Enterprises ਨੂੰ ਇਸ ਦਫਤਰ ਦੇ ਵਰਕ ਆਰਡਰ ਨੰ: 44/58 ਮਿਤੀ 15-06-2021 ਰਾਹੀਂ **Rate 0.95 Including GST** ਉਪਰ ਅਲਾਟ ਕੀਤਾ ਗਿਆ ਸੀ। ਜਿੱਕਰ ਯੋਗ ਹੈ ਕਿ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵੱਲੋ ਆਪਣੇ ਮਤਾ ਨੰ: 37 ਮਿਤੀ 04-06-2021 ਰਾਹੀਂ ਪ੍ਰਵਾਨ ਕੀਤਾ ਗਿਆ ਸੀ ਅਤੇ ਲਿਖਿਆ ਗਿਆ ਸੀ ਕਿ ਇਸ ਕੰਮ ਦੀ ਅਦਾਇਗੀ ਸਡਿਊਲ ਬਾਅਦ ਵਿੱਚ ਡਿਸਾਇਡ ਕੀਤਾ ਜਾਵੇਗਾ। ਹੁਣ ਸਬੰਧਤ ਏਜੰਸੀ ਨਾਲ ਨੱਥੀ ਅਦਾਇਗੀ ਸਡਿਊਲ ਅਤੇ ਸ਼ਰਤਾ ਅਨੁਸਾਰ ਐਗਰੀਮੈਂਟ ਹੇਠ ਲਿਖੇ ਅਨੁਸਾਰ ਹੈ।

Terms & conditions:-

1. Municipal Corporation, Moga will provide the site information such as Survey plan with levels & soil bearing capacity report including the location of various services and the development around which should be verified by the firm/Consultants at site for its authenticity.
2. Professional Fees
   Total cost of work : @ 0.95 % of actual cost of Estimate. (Including GST)

Note: i) Preparation of Model if required shall be charged extra.
ii) The above charges does not include the service to be rendered by interior Designer.
iii) If required vetting of structural drawings from any Engineering institute shall be got done of which fee shall be borne by the Municipal Corporation, Moga.

Mode of Payment:

1- Rate charges 0.95% (Including GST) of the Estimate cost.
2- The payment schedule shall be:
(a) 10% on submission of concept plans
(b) 25% on submission of detailed drawings.
(c) 35% on submission of complete structural drawings & Estimate.
(d) 15% on completion of structure.
(e) 15% on completion of work.

3. The following services will be rendered by the Architect to the Municipal Corporation, Moga .
a) Preparation of detailed building plans, Elevation, Section etc. & it's rough cost.
b) Architectural working drawings and details pertaining to the project including details of all elements design.
c) Structural design and working drawings good for construction.
d) Drawings of Sanitary, Electrical installation or any other drawings needed for the project.
e) Estimate of Cost of project as per C.S.R.
f) To comply with the other instruction which may be given by the Commissioner, Municipal Corporation Moga, relating to any of these or other matter regarding the project concerned. The duties and functions of the architect will be performed as per schedule to be given by the Municipal Corporation, Moga and to its satisfaction.

4. If the Project fails to get approval from the higher authority or consultant fails to supplied the drawings within agreed time, the Consultancy offer can be withdrawn. If the Municipal Corporation Moga is not satisfied with the work it shall be competent to terminate the agreement at any time by giving 7 days notice.

5. The bills shall be submitted to the Corporation Engineer Municipal Corporation Moga. The payment will be made within month after completion of particular stage as per payment time schedule of the agreement. No interest will be paid in case of delay in payment.
6. That all the drawings & information prepared and submitted to Municipal Corporation Moga shall be duly authenticated by the Architect.
7. The Architect shall get the Structural design prepared from a well qualified structure Design Consultants who shall take care of all structure safety factors as per seismic zone & shall be responsible for its safe design & shall certify it. Soil bearing capacity report shall be provided by Municipal Corporation Moga.
8. Time limit for the submission of drawings shall be one month. Time limit can be extended with approval Competent Authority.
9. In case of any dispute or dispute or disagreement arising out of contract agreement, commissioner, M.C. Moga, shall be the Arbitrator, whose decision shall be final and binding upon both the Parties.
10. It shall be an essential items of this contract that in order to avoid frivolous claims, the party going for Arbitration shall specify the disputes based on facts and calculation stating the amount claimed under each claim and shall furnish a deposit at call for 10% of the amount claimed on a schedule bank in the name of The Arbitrator by his official designation who shall keep the amount in deposit till the announcement of the award in the event of an award in favour of the claimant the deposit shall be refunded to him pre-portion to the amount awarded with respect to the amount claimed and the balance if any shall be forfeited and paid to the other party.
11. If any clarification sought by Engineering Branch at any time then architect is bound to clarify immediately.

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 93 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ

# sithi Bzpo L 06

Name of Work: **Permission required for maintenance purpose optical fiber cable area under Municipal Corporation Moga.**

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਹੈ M/s Jio Digital Fiber Pvt Ltd ਦੇ ਡਾਇਰੀ ਨੰ: RIL/OFC/ROW ਮਿਤੀ 12.1.2021 ਰਾਹੀਂ ਮੋਗਾ ਸ਼ਹਿਰ ਵਿੱਚ ਦਰਖਾਸਤ ਵਿੱਚ ਲਿਖੇ ਰੂਟ ਤੇ ਓ.ਐਫ.ਸੀ. ਕੇਬਲ ਪਾਉਣ ਲਈ ਪ੍ਰਵਾਨਗੀ ਮੰਗੀ ਗਈ ਸੀ। ਜਿਸ ਵਿੱਚ ਮੋਗਾ ਸ਼ਹਿਰ ਦੇ Kullar nagar band fatak road from GN sanitry store(530 Mtr) and city park to Gill road moga(955Mtr), ਇਸ ਦਾ ਕੁਲ ਏਰੀਆਂ 1485 mtr ਬਣਦਾ ਹੈ। ਇਹ ਏਰੀਆਂ ਨਗਰ ਨਿਗਮ ਅਧੀਨ ਆਉਂਦਾ ਹੈ, 1485 mtr ਏਰੀਏ ਦੀ ਹੀ ਮੰਨਜੂਰੀ ਦਿੱਤੀ ਜਾ ਸਕਦੀ ਹੈ। ਅੰਡਰ ਗਰਾਉਂਡ ਕੇਬਲ ਪਾਉਣ ਹਿੱਤ ਡਿਪਾਰਟਮੈਂਟ ਆਫ ਇੰਡਸਟਰੀਜ਼ ਐਂਡ ਕਾਮਰਸ ਵੱਲੋਂ ਆਪਣੇ ਪੱਤਰ ਨੰ: 10807-ਏ ਮਿਤੀ 7/12/2020 ਰਾਹੀਂ ਗਾਈਡਲਾਈਨਜ਼ ਜਾਰੀ ਕੀਤੀਆਂ ਗਈਆਂ ਹਨ ਅਨੁਸਾਰ ਚਾਰਜ਼ਿਜ ਲੈਣੇ ਬਣਦੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ:-

1. **ਬੈਂਕ ਗਾਰੰਟੀ**
   1485 ਮੀਟਰ @ 100/- ਪ੍ਰਤੀ ਮੀਟਰ = 1,48,500.00

**2.** ਮੈਨਹੋਲ ਚਾਰਜਿਜ਼

| S No. | Description | No./Quantity | Rate | Unit | Time Period | Amount |
|---|---|---|---|---|---|---|
| 1. | Pits Charges | 3.28x3.28= 10.75 Sft X 20 pits | 395 | Sft | _ | 84,925/- |
| 2. | Yearly charges (125X20X20) | 20 years | 125/manhole | Per Year | 20 Years | 50,000/- |
| 3. | One time charges for Manhole | 20 | 1,000/- (each) | One time | _ | 20,000/- |
| 4. | Total amount | | | | | 1,54,925/- |
| 5. | Performance Bank guarantee for restoration/repair | 1485 mtrs | 100/ mtrs | Rmt | _ | 1,48,500 /- |

ਉਪਰੋਕਤ ਡਿਟੇਲ ਅਨੁਸਾਰ ਕੰਪਨੀ ਤੋਂ ਬੈਂਕ ਗਾਰੰਟੀ 148500/- ਰੁਪਏ ਅਤੇ ਮੈਨਹੋਲ ਚਾਰਜਿਜ਼ 1,54,925/- ਜਮ੍ਹਾ ਕਰਵਾਏ ਜਾਣ ਲਈ ਕਮਿਸ਼ਨਰ ਜੀ ਵੱਲੋ ਮਿਤੀ 24-08-2021 ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ।

ਉਕਤ ਸਬੰਧੀ ਧਿਆਨ ਵਿੱਚ ਆਇਆ ਹੈ ਕਿ ਉਕਤ ਫੀਸਾਂ ਸਬੰਧੀ ਸਰਕਾਰ ਵੱਲੋ ਨਵੀਂ ਪਾਲਸੀ ਜ਼ਾਰੀ ਕੀਤੀ ਜਾ ਚੁੱਕੀ ਹੈ। ਜਦਕਿ ਉਕਤ ਪਹਿਲਾ ਪਾਸ ਕਰਵਾਈ ਗਈ ਫੀਸਾਂ ਪੁਰਾਣੀ ਪਾਲਸੀ ਅਨੁਸਾਰ ਹਨ। ਇਸ ਲਈ ਓ.ਐਫ.ਸੀ. ਕੇਬਲ ਪਾਉਣ ਦਾ ਕੰਮ ਕਰਵਾਉਣ ਲਈ ਨਵੀ ਪਾਲਸੀ ਮੁਤਾਬਕ ਹੇਠ ਲਿਖੇ ਅਨੁਸਾਰ ਫੀਸਾ ਤਿਆਰ ਕੀਤੀਆਂ ਗਈ ਹਨ:-

| Sr. No. | Description | No./Quantity | Rate | Unit | Time Period | Amount |
|---|---|---|---|---|---|---|
| 1 | Pits Charges for Road Restoration | 4x6.5=26 Sqft. X 20 pits | 395 | 520 sft | - | 2,05,400/- |
| 2 | One Time Charges for Manhole/ Administrative charges | 20 nos. | 1000 each | Per manhole | - | 20,000/- |
| 3 | Lease Charges for Manhole<br>For 20 MH for 20 Years @ 10% of collector rate | | | | | |
| | Area Covered – 530 Mtr<br>Contains 7 MH – Gill Road | 7 | 760 | 760x7x20x1.5 | 20 Years | 1,59,600/- |
| | Area Covered – 955 Mtr<br>Contains 13 MH – Sardar Nagar | 13 | 646 | 646x13x20x1.5 | 20 Years | 2,51,940/- |
| | | | | | Total | 6,36,940/- |

| | | | | | | |
|---|---|---|---|---|---|---|
| 5 | Performance Bank guarantee for restoration/ repair | 1485 mtr | 100 mtr | Rmt | - | 1,48,500/- |

ਜਾਣੇ ਯੋਗ ਹਨ।ਹੇਠ ਲਿਖੀਆਂ ਸ਼ਰਤਾਂ ਅਧੀਨ ਕੰਪਨੀ ਨੂੰ ਅੰਡਰਗਰਾਉਂਡ ਕੇਬਲ ਪਾਉਣ ਦੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ:-

1. ਕੇਬਲ ਪਾਉਣ ਸਮੇਂ ਕੀਤੀ ਸੜਕ ਦੀ ਪੁਟਾਈ 72 ਘੰਟਿਆ ਦੇ ਅੰਦਰ-2 ਰਿਸਟੋਰ ਕਰਨੀ ਯਕੀਨੀ ਬਣਾਈ ਜਾਵੇ।
2. ਪ੍ਰਪੋਜਡ ਰੂਟ ਲਈ ਅੰਡਰ ਗਰਾਉਂਡ ਕੇਬਲ ਪਾਉਣ ਤੋਂ ਪਹਿਲਾਂ ਜੀ.ਪੀ.ਆਰ. ਸਰਵੇਂ ਕੀਤਾ ਜਾਵੇਗਾ।
3. ਕੇਬਲ ਪਾਉਣ ਸਮੇਂ ਅੰਡਰ ਗਰਾਉਂਡ ਵਾਟਰ ਸਪਲਾਈ ਅਤੇ ਸੀਵਰੇਜ਼ ਲਾਈਨਾ ਦੀ ਸੁਰਖਿਆ ਯਕੀਨੀ ਬਣਾਈ ਜਾਵੇਗੀ ਅਤੇ ਡਾਇਮੇਜ਼ ਹੋਣ ਦੀ ਸੂਰਤ ਵਿੱਚ ਤੁਰੰਤ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ 24 ਘੰਟਿਆ ਦੇ ਅੰਦਰ-2 ਮੁਰੰਮਤ/ਸਪਲਾਈ ਰਿਸਟੋਰ ਕਰਨਾ ਯਕੀਨੀ ਬਣਾਇਆ ਜਾਵੇਗਾ।
4. ਕੇਬਲ ਪਾਉਣ ਸਮੇਂ ਟਰੈਫਿਕ ਦੀ ਸੁਚਾਰੂ ਵਿਵਸਥਾ ਕਰਨਾ ਕੰਪਨੀ ਦੀ ਜਿੰਮੇਵਾਰੀ ਹੋਵੇਗੀ।ਮੌਕੇ ਤੇ ਲੋੜੀਂਦੀ ਸਾਈਨ ਬੋਰਡ, ਸਪੀਡ ਲਿਮਟ ਬੋਰਡ, ਸੈਫਟੀ ਰਿਫਲੈਕਟਰਜ਼ ਅਤੇ ਸੈਫਟੀ ਰਿਬਨਜ਼ ਟਰੈਫਿਕ ਦੀ ਸੁਚਾਰੂ ਵਿਵਸਥਾ ਹਿੱਤ ਕੰਪਨੀ ਵੱਲੋਂ ਲਗਾਏ ਜਾਣਗੇ।
5. ਕੰਮ ਕਰਨ ਸਮੇਂ ਕਿਸੇ ਵੀ ਐਕਸੀਡੈਂਟ/ਜਾਨੀ ਮਾਲੀ ਨੁਕਸਾਨ ਦੀ ਜਿੰਮੇਵਾਰੀ ਕੰਪਨੀ ਦੀ ਹੋਵੇਗੀ।
6. ਕਿਸੇ ਇਲਾਕੇ ਵਿੱਚ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਮੁਕੰਮਲ ਹੋਣ ਤੇ ਸਬੰਧਤ ਨਿਗਮ ਅਧਿਕਾਰੀਆਂ ਨੂੰ ਸੂਚਿਤ ਕਰਨਾ ਹੋਵੇਗਾ।ਇਸ ਰੂਟ ਦਾ ਕੰਮ ਖਤਮ ਹੋਣ ਤੇ ਨਿਗਮ ਅਧਿਕਾਰੀਆਂ ਪਾਸੋਂ ਕੰਮ ਦੇ ਤਸੱਲੀਬਖਸ ਮੁਕੰਮਲ ਹੋਣ ਬਾਰੇ ਪ੍ਰਮਾਣ ਪੱਤਰ ਲੈਣ ਉਪਰੰਤ ਹੀ ਅਗਲੇ ਰੂਟ ਦੀ ਪ੍ਰਵਾਨਗੀ ਦਿੱਤੀ ਜਾਵੇਗੀ।
7. ਕੰਪਨੀ ਕੇਬਲ Trench less method ਨਾਲ ਹੀ ਪਾਉਣ ਦੇ ਪਾਬੰਦ ਹੋਵੇਗੀ।
8. ਮੰਨਜੂਰੀ ਮਿਲਣ ਉਪਰੰਤ ਸਬੰਧਤ ਕੰਪਨੀ ਇੱਕ ਮਹੀਨੇ ਵਿੱਚ ਕੰਮ ਮੁਕੰਮਲ ਕਰਨ ਦੀ ਪਾਬੰਦ ਹੋਵੇਗੀ, ਅਜਿਹਾ ਨਾ ਕਰਨ ਤੇ ਕੰਪਨੀ ਵੱਲੋਂ ਜਮ੍ਹਾ ਕਰਵਾਈ ਬੈਂਕ ਗਾਰੰਟੀ ਜਬਤ ਕਰ ਲਈ ਜਾਵੇਗੀ ਅਤੇ ਮੰਨਜੂਰੀ ਰੱਦ ਕਰ ਦਿੱਤੀ ਜਾਵੇਗੀ।
9. ਜੇਕਰ ਕੰਪਨੀ ਵੱਲੋਂ ਉਕਤ ਦਰਸਾਈ ਗਈਆਂ ਸ਼ਰਤਾਂ ਵਿੱਚੋਂ ਕਿਸੇ ਵੀ ਸ਼ਰਤ ਨੂੰ ਨਜ਼ਰ ਅੰਦਾਜ ਕੀਤਾ ਗਿਆ ਤਾਂ ਕੰਪਨੀ ਵੱਲੋਂ ਜਮ੍ਹਾ ਕਰਵਾਈ ਬੈਂਕ ਗਾਰੰਟੀ ਜਬਤ ਕਰ ਲਈ ਜਾਵੇਗੀ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਕੰਮ ਨੂੰ ਕਰਵਾਉਣ ਲਈ 6,36,940/-ਰੁਪਏ ਨਗਰ ਨਿਗਮ ਮੋਗਾ ਨੂੰ ਜਮ੍ਹਾ ਕਰਵਾਉਣ ਅਤੇ ਹਦਾਇਤਾ ਅਨੁਸਾਰ 1,48,500/- ਰੁਪਏ ਦੀ ਬੈਂਕ ਗਰੰਟੀ ਕਮਿਸ਼ਨਰ, ਨਗਰ ਨਿਗਮ, ਮੋਗਾ ਦੇ ਨਾਮ ਤੇ ਕਿਸੇ ਵੀ ਨੈਸ਼ਨਲਾਈਜ ਬੈਂਕ ਪਾਸੋ ਕਰਵਾਉਣ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 94 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ

# sithi Bzpo L 07

**Name of Work : Installation of Statues at different Locations in City.**

**Est.Amt.14.90 Lacs.**

ਸਿਵਲ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਸ਼ਹਿਰ ਦੀ ਵੱਖ-ਵੱਖ ਧਾਰਮਿਕ ਸੰਸਥਾਵਾਂ ਵੱਲੋ ਸ਼ਹਿਰ ਵਿੱਚ 5 ਵੱਖ ਵੱਖ ਜਗ੍ਹਾਂ ਤੇ ਧਾਰਮਿਕ ਸੰਸਥਾਵਾਂ ਦੇ ਬੁੱਤ ਲਗਾਉਣ ਲਈ ਬੇਨਤੀ ਕੀਤੀ ਗਈ ਸੀ। ਇਸ ਦੇ ਮੱਦੇਨਜ਼ਰ ਜ਼ਿਲ੍ਹਾ ਅਰਬਨ ਇੰਨਫਰਾਸਟਰਕਚਰ ਕਮੇਟੀ, ਮੋਗਾ ਵੱਲੋ ਮੀਟਿੰਗ ਮਿਤੀ 09-06-2020 ਰਾਹੀ ਪੰਜਾਬ ਅਰਬਨ ਵਾਤਾਵਰਣ ਸੁਧਾਰ ਪ੍ਰੋਗਰਾਮ ਫੇਜ਼-2 ਤਹਿਤ ਕਰਵਾਉਣ ਲਈ 40.00 ਲੱਖ ਦਾ ਮਤਾ ਪਾਸ ਕੀਤਾ ਗਿਆ ਸੀ। ਮੁੱਖ

ਇੰਜੀਨੀਅਰ, ਚੰਡੀਗੜ੍ਹ ਜੀ ਵੱਲੋ ਆਪਣੇ ਪੱਤਰ ਨੰ: ਸੀ.ਈ.-2020/22795 ਮਿਤੀ 16-06-2020 ਰਾਹੀ ਇਸ ਤਖਮੀਨੇ ਨੂੰ 33.29 ਲੱਖ ਦਾ ਵੈਟ ਕੀਤਾ ਗਿਆ ਸੀ। ਇਸ ਕੰਮ ਦੀ ਈ-ਟੈਡਰਿੰਗ ਪੂਰੀ ਹੋਣ ਉਪਰੰਤ ਇਸ ਦਫ਼ਤਰ ਦੇ ਵਰਕ ਆਰਡਰ ਨੰ:43/56 ਮਿਤੀ 09-11-2020 ਰਾਹੀ M/s Dynamic Tiles ਨੂੰ ਅਲਾਟ ਕੀਤਾ ਗਿਆ।

ਇੱਥੇ ਦੱਸਣਯੋਗ ਹੈ ਕਿ ਪਹਿਲਾ ਪਾਸ ਹੋਏ ਤਖਮੀਨੇ ਵਿੱਚ ਮਾਰਬਲ ਦੇ ਬੁੱਤ ਤਜਵੀਜ਼ ਕੀਤੇ ਗਏ ਸਨ, ਪ੍ਰੰਤੂ ਐਮ.ਐੱਲ.ਏ ਮੋਗਾ ਅਤੇ ਧਾਰਮਿਕ ਸੰਸਥਾਵਾ ਵੱਲੋ ਮੋਗਾ ਫਾਈਬਰ ਗਲਾਸ ਦੇ ਬੁੱਤ ਲਗਾਉਣ ਸਬੰਧੀ ਬੇਨਤੀ ਕੀਤੀ ਗਈ ਸੀ। ਇਲਾਕਾ ਐਮ.ਐੱਲ.ਏ. ਅਤੇ ਧਾਰਮਿਕ ਸੰਸਥਾਵਾਂ ਦੀ ਸਹਿਮਤੀ ਅਨੁਸਾਰ ਸੋਧਿਆ ਹੋਇਆ ਤਖਮੀਨਾ ਤਿਆਰ ਕੀਤਾ ਸੀ। ਪਹਿਲਾ ਪਾਸ ਕੀਤੇ ਤਖਮੀਨੇ ਵਿੱਚ Specifications Change ਹੋਣ ਕਰਕੇ ਇਹ ਕੇਸ ਜਿਲ੍ਹਾ ਅਰਬਨ ਇੰਨਫਰਾਸਟਰਕਚਰ ਕਮੇਟੀ, ਮੋਗਾ ਪਾਸੋ ਪ੍ਰਵਾਨਗੀ ਲੋੜੀਦੀ ਸੀ।ਜਿਸ ਕਰਕੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੋਧਿਆ ਹੋਇਆ ਤਖਮੀਨਾਂ ਜ਼ਿਲ੍ਹਾ ਅਰਬਨ ਇੰਨਫਰਾਸਟਰਕਚਰ ਕਮੇਟੀ ਮੋਗਾ ਪਾਸ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਜਿਲ੍ਹਾਂ ਅਰਬਨ ਇੰਨਫਰਾਸਟਰਕਚਰ ਕਮੇਟੀ, ਮੋਗਾ ਦੀ ਪ੍ਰਵਾਨਗੀ ਉਪਰੰਤ ਇਹ ਕੇਸ ਇਸ ਦਫ਼ਤਰ ਦੇ ਪੱਤਰ ਨੰ 383 ਮਿਤੀ 05-08-2021 ਰਾਹੀ ਚੀਫ਼ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਜੀ ਪਾਸ ਪ੍ਰਵਾਨਗੀ ਲਈ ਭੇਜਿਆ ਗਿਆ। ਚੀਫ਼ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਚੰਡੀਗੜ੍ਹ ਜੀ ਵੱਲੋ ਪੀ.ਆਈ.ਡੀ.ਬੀ ਤੋ ਸੇਧ ਲੈਣ ਉਪਰੰਤ ਆਪਣੇ ਪੱਤਰ ਨੰ:37174 ਮਿਤੀ 08-08-2021 ਰਾਹੀ ਗ੍ਰਾਂਟ ਤਹਿਤ "Installation of Statues, Not allowed ਲਿਖਿਆ ਗਿਆ ਹੈ।ਹੁਣ ਐਮ.ਐੱਲ.ਏ ਅਤੇ ਧਾਰਮਿਕ ਸੰਸਥਾਵਾਂ ਮੋਗਾ ਵੱਲੋ ਨਗਰ ਨਿਗਮ ਦੇ ਫੰਡਾਂ ਵਿੱਚ ਸ਼ਹਿਰ ਵਿੱਚ ਵੱਖ-ਵੱਖ ਤਿੰਨ ਜਗ੍ਹਾਂ 1- ਪੁਰਾਣੀ ਦਾਣਾ ਮੰਡੀ, 2- ਗੀਤਾ ਭਵਨ ਚੌਕ ਅਤੇ 3- ਕੋਟਕਪੂਰਾ ਰੋਡ ਉੱਪਰ ਬੁੱਤ ਲਗਾਉਣ ਦੀ ਬੇਨਤੀ ਕੀਤੀ ਹੈ। ਐਮ.ਐੱਲ.ਏ ਮੋਗਾ ਜੀ ਦੇ ਧਾਰਮਿਕ ਸੰਸਥਾਵਾਂ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਮਾਰਕੀਟ ਵਿੱਚੋਂ ਕੁਟੇਸ਼ਨਾਂ ਅਤੇ ਸੀ.ਐਸ.ਆਰ-2020 ਦੇ ਰੇਟਾਂ ਅਨੁਸਾਰ ਫਾਈਬਰ ਗਲਾਸ ਦੇ ਬੁੱਤ ਲਗਾਉਣ ਲਈ ਤਖਮੀਨਾ ਮੁਬਲਿਗ 14.90 ਲੱਖ ਤਿਆਰ ਕੀਤਾ ਗਿਆ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 95** **ਐਫ.ਐਡ.ਸੀ.ਸੀ ਦੇ ਮੈਬਰਾ ਸਹਿਬਾਨਾਂ ਵੱਲੋ ਉਕਤ ਤਜਵੀਜ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਉਕਤ ਕੰਮ ਨੂੰ ਸਰਕਾਰ ਅਤੇ ਜਨਰਨ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨ ਹੋਣ ਉਪਰੰਤ ਐਫ.ਐਡ.ਸੀ.ਸੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ।**

ਮੇਅਰ
ਨਗਰ ਨਿਗਮ, ਮੋਗਾ

# sithi Bzpo L 08

**Name of Work :** **Submersible Bore at Slaughter House Near Disposal Bukkanwala in Moga City. (Est. 8.16 Lac)**

ਓ.ਐਡ.ਐਮ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕਮਿਸ਼ਨਰ, ਨਗਰ ਨਿਗਮ, ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ 15-09-2021 ਲਈ ਮੰਗੇ ਗਏ ਸਨ। ਕੰਮ ਦੀ ਟੈਕਨੀਕਲ ਬਿਡ ਮਿਤੀ 16-09-2021 ਨੂੰ ਖੋਲ੍ਹੀ ਗਈ ਸੀ। ਸਫਲ ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਤੀ 22-09-2021 ਨੂੰ ਮਿਲਣ ਉਪਰੰਤ ਇਸ ਕੰਮ ਦੀ ਫ਼ਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਕੇਵਲ ਇੱਕ ਫ਼ਰਮ ਦੇ ਰੇਟ ਪ੍ਰਾਪਤ ਹੋਏ:-

| Name of Work | Submersible Bore at Slaughter House Near Disposal Bukkanwala in Moga City. (Est. 8.16 Lac) | |
|---|---|---|
| *NIT Sr. No.* | *Name of Contractor/Firm/Society* | *Rates of Contractor* |
| 1 | The Nahal Coop L&C Society | OAS 6.13% Above<br>Tender Amount Rs. 8,66,020/- |

ਉਕਤ ਫ਼ਰਮ The Nahal Coop L&C Society ਵੱਲੋਂ quoted rates ਤਖਮੀਨੇ ਨਾਲੋਂ ਜ਼ਿਆਦਾ ਹੋਣ ਕਰਕੇ ਰੇਟ ਨੈਗੋਸਿਏਸ਼ਨ ਵਾਸਤੇ ਬੁਲਾਇਆ ਗਿਆ। ਸੁਸਾਇਟੀ ਵੱਲੋਂ ਉਪਰੋਕਤ ਕੰਮ ਤਖਮੀਨੇ ਤੋਂ 2.5% Above (ਰੁਪਏ 8,36,400/-) ਵਿੱਚ ਕਰਨ ਨੂੰ ਤਿਆਰ ਹੈ।

ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਮਾਰਕੀਟ ਵਿੱਚ ਮਟੀਰੀਅਲ ਦੇ ਰੇਟਾਂ ਵਿੱਚ ਵਾਧਾ ਹੋਣ ਕਾਰਨ ਡਾਇਰੈਕਸ਼ਨ ਕਮੇਟੀ ਆਫ਼ ਚੀਫ਼ ਇੰਜੀਨੀਅਰ ਦੇ ਮੀਮੋ ਨੰਬਰ 1787-1801/ਸੀ.ਐਸ.ਆਰ. ਮਿਤੀ 08-10-2021 ਰਾਹੀਂ ਸੀ.ਐਸ.ਆਰ. ਦੇ ਰੇਟਾਂ ਨੂੰ ਬਦਲਿਆ ਗਿਆ ਹੈ ਜਿਸ ਨਾਲ ਉਪਰੋਕਤ ਕੰਮ ਦੇ ਤਖਮੀਨੇ ਦੀ ਰਾਸ਼ੀ 8.40 ਲੱਖ ਰੁਪਏ ਬਣ ਜਾਂਦੀ ਹੈ। ਜਿਸ ਅਨੁਸਾਰ ਸੁਸਾਇਟੀ ਵੱਲੋਂ ਉਪਰੋਕਤ ਕੰਮ ਅਧੀਨ quoted rates ਰੁਪਏ 8,36,400/- (2.5% above) ਵਾਜਬ ਹਨ ਅਤੇ ਟੈਂਡਰ ਦੂਜੀ ਵਾਰ ਕਾਲ ਕੀਤਾ ਗਿਆ ਹੈ।

ਸੋ ਉਕਤ ਅਨੁਸਾਰ ਉਪਰੋਕਤ ਕੰਮ The Nahal Coop L&C Society ਨੂੰ ਰੁਪਏ 8,36,400/- (2.5% Above) 'ਤੇ ਅਲਾਟ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਨੂੰ ਪ੍ਰਵਾਨਗੀ ਹਿੱਤ ਭੇਜਣ ਲਈ ਪੇਸ਼ ਹੈ।

ਵਿੱਤ ਅਤੇ ਠੇਕਾ ਕਮੇਟੀ ਨੂੰ ਪ੍ਰਵਾਨਗੀ ਹਿੱਤ ਭੇਜਣ ਲਈ ਰਿਪੋਰਟ ਪੇਸ਼ ਹੈ ਜੀ।

**ਮਤਾ ਨੰਬਰ : 96** **ਐਫ.ਐਡ.ਸੀ.ਸੀ ਦੇ ਮੈਬਰਾ ਸਹਿਬਾਨਾਂ ਵੱਲੋ ਉਕਤ ਤਜਵੀਜ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਉਕਤ ਕੰਮ ਦਾ ਟੈਂਡਰ ਰੀ-ਕਾਲ ਕੀਤਾ ਜਾਵੇ।**

ਮੇਅਰ
ਨਗਰ ਨਿਗਮ, ਮੋਗਾ

# sithi Bzpo L 09

**ਵਿਸ਼ਾ:** *Desilting of Sewerage by Super Suction Machine at Gill Road to Bukkanwala Disposal via Nigaha Chowk, Jalandhar Colony Mohalla in Moga City. (Est. Amt.96.50 Lacs)*

ਓ.ਐਡ.ਐਮ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕਮਿਸ਼ਨਰ, ਨਗਰ ਨਿਗਮ, ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ 05-10-2021 ਲਈ ਪਹਿਲੀ ਵਾਰ ਮੰਗੇ ਗਏ ਸਨ। ਕੰਮ ਦੀ ਟੈਕਨੀਕਲ ਬਿਡ ਮਿਤੀ 06-10-2021 ਨੂੰ ਖੋਲ੍ਹੀ ਗਈ ਸੀ। ਸਫਲ ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਤੀ 11-10-2021 ਨੂੰ ਮਿਲਣ ਉਪਰੰਤ ਇਸ ਕੰਮ ਦੀ ਫ਼ਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਸੱਤ ਫ਼ਰਮਾਂ ਵੱਲੋਂ ਰੇਟ ਪ੍ਰਾਪਤ ਹੋਏ:-

| Name of Work | *Desilting of Sewerage by Super Suction Machine at Gill Road to Bukkanwala Disposal via Nigaha Chowk, Jalandhar Colony Mohalla in Moga City. (Est. Amt.96.50 Lacs)* | |
|---|---|---|
| *NIT Sr. No.* | *Name of Contractor/Firm/Society* | *Rates of Contractor* |

| | | |
|---|---|---|
| 1 | Malwa and Company | OAS 20.59% Below<br>Tender Amount Rs. 76,63,065/- |
| 2 | Arun Kumar Goyal | OAS 20.10% Below<br>Tender Amount Rs. 77,10,350/- |
| 3 | Rai Constructions | OAS 27.99% Below<br>Tender Amount Rs. 69,48,965/- |
| 4 | Inderjit Bajaj and Associates | OAS 7.86% Below<br>Tender Amount Rs. 88,91,510/- |
| 5 | The K H Coop L&C Society | OAS 27.65% Below<br>Tender Amount Rs. 69,81,775/- |
| 6 | Guru Nanak Borewell | OAS 18.00% Below<br>Tender Amount Rs. 79,13,000/- |
| 7 | The HP Coop L&C Society | OAS 25.50% Below<br>Tender Amount Rs. 71,89,250/- |

ਉਕਤ ਫ਼ਰਮਾਂ ਵਿੱਚੋਂ Rai Constructions ਇਸ ਕੰਮ ਨੂੰ ਤਖਮੀਨਾ ਰਾਸ਼ੀ ਰੁਪਏ 96,50,000/- ਤੋਂ Below 27.99% (Tender Amount Rs. 69,48,965/-) ਵਿੱਚ ਕਰਨ ਨੂੰ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਲਈ ਇਸ ਦਫ਼ਤਰ ਵੱਲੋਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਨੂੰ ਪੱਤਰ ਨੰਬਰ 498 ਮਿਤੀ 13-10-2021 ਰਾਹੀਂ ਭੇਜਿਆ ਗਿਆ ਸੀ ਜਿਸਦੀ ਵੈਟਿੰਗ ਮੁੱਖ ਇੰਜੀਨੀਅਰ ਜੀ ਦੇ ਪੱਤਰ ਨੰਬਰ ਸੀ.ਈ.-2021/42975 ਮਿਤੀ 22-10-2021 ਰਾਹੀਂ ਕੀਤੀ ਗਈ ਹੈ।

ਉਕਤ ਨੂੰ ਮੁੱਖ ਮੁੱਖ ਰੱਖਦੇ ਹੋਏ ਉਪਰੋਕਤ ਕੰਮ M/s Rai Constructions ਨੂੰ ਟੈਂਡਰ ਲਾਗਤ ਰੁਪਏ 69,48,965/- (OAS 27.99%) 'ਤੇ ਅਲਾਟ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

ਕੇਸ ਵਿੱਤ ਅਤੇ ਠੇਕਾ ਕਮੇਟੀ ਨੂੰ ਪ੍ਰਵਾਨਗੀ ਹਿੱਤ ਭੇਜਣ ਲਈ ਰਿਪੋਰਟ ਪੇਸ਼ ਹੈ।

**ਮਤਾ ਨੰਬਰ : 97 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ

sithi Bzpo L 10

**ਕੰਮ ਦਾ ਨਾਂ : ਸਾਈਫਨੋਥਰਿਨ 5% ਖ੍ਰੀਦ ਕਰਨ ਸਬੰਧੀ।**

ਸੈਨੀਟੈਸ਼ਨ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕੀਤੀ ਜਾਂਦੀ ਹੈ ਕਿ ਉਹਨਾਂ ਵੱਲੋ ਮੈਲਾਥੀਨ 95 ਪ੍ਰਤੀਸ਼ਤ ਦੀ ਖ੍ਰੀਦ ਕਰਨ ਲਈ ਤਜਵੀਜ ਭੇਜੀ ਗਈ ਸੀ।ਜਿਸ ਸਬੰਧੀ ਮਤਾ ਨੰਬਰ 103 ਮਿਤੀ 15-01-2021 ਪਾਸ ਹੋ ਗਿਆ ਸੀ। ਇਸ ਮਤੇ ਦੀ ਪ੍ਰਵਾਨਗੀ

ਸਰਕਾਰ ਦੇ ਪੱਤਰ ਨੰਬਰ ਸ3-ਡਸਸ-ਮਸਸ-2021 ਰਾਹੀ ਦੇ ਦਿੰਤੀ ਗਈ ਹੈ। ਹੁਣ ਮੈਲਾਥੀਨ ਖ੍ਰੀਦ ਕਰਨ ਲਈ ਟੈਡਰ ਕਾਲ ਕੀਤਾ ਜਾਣਾ ਸੀ ।ਕੋਵਿਡ-19 ਕਾਲ ਦੌਰਾਨ ਜਲਦੀ ਫਾਗਿੰਗ ਕਰਨ ਲਈ ਦਵਾਈ ਖ੍ਰੀਦ ਕਰਨ ਲਈ ਸਰਕਾਰ ਵੱਲੋ ਜਾਰੀ ਪੱਤਰ ਨੰਬਰ ਪੀ.ਐਚ.ਐਸ ਸੀ/ਪਰੋਕ/2020/6869-71 ਮਿਤੀ 30-10-2020 ਰਾਹੀ ਮੈਸ: ਨਿਊ ਮਾਲਵਾ ਸੇਲਜ ਕਾਰਪੋਰੇਸ਼ਨ ਨਾਲ ਕੀਤੇ ਰੇਟ ਕੰਟਰੈਕਟ (ਪੱਤਰ ਨੱਥੀ) ਅਨੁਸਾਰ 54 ਲੀਟਰ ਦਵਾਈ ਦੀ ਖ੍ਰੀਦ ਕੀਤੀ ਗਈ ਸੀ।ਇਸ ਰੇਟ ਕੰਟਰੈਕਟ ਅਨੁਸਾਰ ਸਾਈਫਨੋਥਰਿਨ ਇਕ ਲੀਟਰ ਦਾ ਰੇਟ 1840/- ਰੁਪਏ ਹੈ। ਇਸ ਸਮੇ ਸਟਾਕ ਵਿੱਚ ਦਵਾਈ ਖਤਮ ਹੋਣ ਵਾਲੀ ਹੈ।ਕੋਵਿਡ-19 ਦੌਰਾਨ ਦਵਾਈ ਦੀ ਖ੍ਰੀਦ ਸਬੰਧੀ ਸਥਾਨਕ ਸਰਕਾਰ ਦੇ ਹੁਕਮ ਨੰਬਰ ਸ2-ਡਸਸ-19/238 ਮਿਤੀ 31-12-2019 (ਪੱਤਰ ਨੰਥੀ) ਰਾਹੀ ਜਾਰੀ ਹਦਾਇਤਾਂ ਅਨੁਸਾਰ ਕੀਤੀ ਜਾਣੀ ਹੈ।ਇਸ ਲਈ ਮੈਸ: ਨਿਊ ਮਾਲਵਾ ਸੇਲਜ ਕਰਪੋਰੇਸ਼ਨ ਪਾਸੋ 35 ਲੀਟਰ ਸਾਈਫਨੋਥਰਿਨ ਖ੍ਰੀਦ ਕੀਤੀ ਜਾਣੀ ਹੈ। ਜਿਸ ਤੇ ਤਕਰੀਬਨ 64,400/- ਰੁਪਏ ਖਰਚ ਆਉਣ ਦੀ ਸੰਭਾਵਨਾ ਹੈ।ਇਸ ਲਈ ਦਵਾਈ ਖ੍ਰੀਦ ਕਰਨ ਤੇ ਆਉਣ ਵਾਲੇ ਖਰਚ 64,400/- ਰੁਪਏ ਦੀ ਪ੍ਰਵਾਨਗੀ ਅਤੇ ਮੈਸ: ਨਿਊ ਮਾਲਵਾ ਸੇਲਜ ਕਾਰਪੋਰੇਸ਼ਨ ਨੂੰ ਸਪਲਾਈ ਆਰਡਰ ਜਾਰੀ ਕਰਨ ਲਈ ਰਿਪੋਰਟ ਯੋਗ ਹੁਕਮਾਂ ਹਿੱਤ ਪੇਸ਼ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਨੂੰ ਪ੍ਰਵਾਨਗੀ ਹਿੱਤ ਭੇਜਣ ਲਈ ਰਿਪੋਰਟ ਪੇਸ਼ ਹੈ।

**ਮਤਾ ਨੰਬਰ : 98 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ

**ਤਜਵੀਜ ਨੰਬਰ : 11**

**Name of Work** *: Supply of 10 No. of Pump Operators (Technicians) on Outsource Basis. (Est. Amt. 32.77 Lacs)*

ਓ ਐਡ ਐਮ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਕਮਿਸ਼ਨਰ, ਨਗਰ ਨਿਗਮ, ਮੋਗਾ ਜੀ ਦੀ ਪ੍ਰਵਾਨਗੀ ਉਪਰੰਤ ਵੱਖ-ਵੱਖ ਵਿਕਾਸ ਦੇ ਕੰਮਾਂ ਦੇ ਟੈਂਡਰ ਮਿਤੀ 15-09-2021 ਲਈ ਮੰਗੇ ਗਏ ਸਨ। ਕੰਮ ਦੀ ਟੈਕਨੀਕਲ ਬਿਡ ਮਿਤੀ 16-09-2021 ਨੂੰ ਖੋਲ੍ਹੀ ਗਈ ਸੀ। ਸਫਲ ਫ਼ਰਮਾਂ ਦੀ ਟੈਕਨੀਕਲ ਬਿਡਜ਼ ਦੀ ਪ੍ਰਵਾਨਗੀ ਮਿਤੀ 11-10-2021 ਨੂੰ ਮਿਲਣ ਉਪਰੰਤ ਇਸ ਕੰਮ ਦੀ ਫ਼ਾਈਨੈਂਸ਼ੀਅਲ ਬਿਡ ਖੋਲ੍ਹੀ ਗਈ ਅਤੇ ਹੇਠ ਲਿਖੇ ਅਨੁਸਾਰ ਕੇਵਲ ਇੱਕ ਫ਼ਰਮ ਦੇ ਰੇਟ ਪ੍ਰਾਪਤ ਹੋਏ :-

| Name of Work | *Supply of 10 No. of Pump Operators (Technicians) on Outsource Basis. (Est. Amt. 32.77 Lacs)* | |
|---|---|---|
| *NIT Sr. No.* | *Name of Contractor/Firm/Society* | *Rates of Contractor* |
| 9 | M/s Sunrise Constructions | CP 2.00% |

ਉਕਤ ਫ਼ਰਮ ਇਸ ਕੰਮ ਨੂੰ 2.00% CP 'ਤੇ ਕਰਨ ਲਈ ਤਿਆਰ ਹੈ। ਇਹ ਰੇਟ ਤਖਮੀਨੇ ਨਾਲੋਂ ਘੱਟ ਹਨ। ਇਸ ਕੰਮ ਲਈ ਪ੍ਰਾਪਤ ਹੋਏ ਰੇਟਾਂ ਨੂੰ ਪ੍ਰਵਾਨ ਕਰਨ ਦੀ ਸਮਰੱਥ ਅਥਾਰਟੀ ਨਗਰ ਨਿਗਮ, ਮੋਗਾ ਦੀ ਵਿੱਤ ਅਤੇ ਠੇਕਾ ਕਮੇਟੀ ਹੈ। ਇਸ ਕੰਮ ਦਾ ਟੈਂਡਰ ਤੀਜੀ ਵਾਰ ਕਾਲ ਕੀਤਾ ਗਿਆ ਹੈ।

ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ : 99 ਐਫ.ਐਡ.ਸੀ.ਸੀ ਦੇ ਮੈਂਬਰਾਂ ਵੱਲੋ ਉਕਤ ਕੰਮ ਨੂੰ ਵਿਚਾਰਨ ਉਪਰੰਤ ਸਰਵਸਮੰਤੀ ਨਾਲ ਪੈਡਿੰਗ ਕੀਤਾ ਗਿਆ।**

ਮੇਅਰ
ਨਗਰ ਨਿਗਮ, ਮੋਗਾ

**ਤਜਵੀਜ ਨੰਬਰ : 12**

**ਕੰਮ ਦਾ ਨਾਂ :** P/L (300X200MM)Deep Bore tubewell with reverse rig method or any other method of latest technology at Tanki wali gali, chowk shekhan in moga city. (Est. 24.63 Lac)

ਓ.ਐਡ.ਐਮ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਉਕਤ ਕੰਮ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਦੀ ਆਸ ਤੇ ਮਨਜ਼ੂਰੀ ਮਿਲਣ ਉਪਰੰਤ ਵਰਕ ਆਰਡਰ ਨੰਬਰ 42/53 ਮਿਤੀ 23-09-2021 ਰਾਹੀ ਮੈਸ: ਗੋਇਲ ਟਿਊਬਵੈਲ ਸਟੋਰ ਨੂੰ ਜਾਰੀ ਕਰ ਦਿੱਤਾ ਗਿਆ ਸੀ। ਠੇਕੇਦਰ ਵੱਲੋ ਦਿੱਤੀ ਗਈ ਸਾਈਟ ਉਪਰ ਟਿਊਬਵੈਲ ਲਗਾਉਣ ਵਾਸਤੇ ਰਿਗ ਬੋਰ ਮਸ਼ੀਨ ਮੌਕੇ ਤੇ ਲਿਆਦੀ ਗਈ ਪਰ ਗਲੀ ਦੀ ਚੋੜਾਈ ਘੱਟ ਹੋਣ ਕਾਰਨ ਰਿਗ ਬੋਰ ਮਸ਼ੀਨ ਇਸ ਸਾਈਟ ਉਪਰ ਨਹੀ ਲਗਾਈ ਜਾ ਸਕਦੀ। ਇੱਥੇ ਇਹ ਵੀ ਦੱਸਣਾਂ ਯੋਗ ਹੋਵੇਗਾ ਕਿ ਪਾਣੀ ਦੀ ਕਮੀ ਨਾਲ ਪ੍ਰਭਾਵਿਤ ਇਲਾਕੇ ਵਿੱਚ ਹੋਰ ਕੋਈ ਸਾਈਟ ਉਪਲਬਧ ਨਹੀ ਹੈ। ਇਸ ਜਗ੍ਹਾਂ ਉਪਰ ਰਿਗ ਬੋਰ ਮਸ਼ੀਨ ਲਗਾਈ ਜਾ ਸਕੇ। ਉਕਤ ਨੂੰ ਮੁੱਖ ਰੱਖਦੇ ਹੋਏ ਪਬਲਿਕ ਨੂੰ ਪੀਣ ਵਾਲਾ ਪਾਣੀ ਮੁਹੱਈਆਂ ਕਰਵਾਉਣ ਵਾਸਤੇ ਟਿਊਬਵੈਲ ਰਿਗ ਬੋਰ ਮਸ਼ੀਨ ਦੀ ਬਜਾਏ ਸਟ੍ਰੇਟ ਬੋਰ ਮਸ਼ੀਨ ਰਾਹੀ ਉਪਰੋਕਤ ਵਰਕ ਆਰਡਰ ਨੰਬਰ 42/53 ਮਿਤੀ 23-09-2021 ਅਧੀਨ ਮੈਸ: ਗੋਇਲ ਟਿਊਬਵੈਲ ਸਟੋਰ ਰਾਹੀ ਕਰਾਉਣ ਦੀ ਪ੍ਰਵਾਨਗੀ ਹਿੱਤ ਪੇਸ਼ ਹੈ।

ਕਮਿਸ਼ਨਰ ਨਗਰ ਨਿਗਮ ਮੋਗਾ ਵੱਲੋ ਪ੍ਰੀਖਣ ਸਬੰਧੀ ਸਬੰਧਤ ਸ਼ਾਖਾ ਵੱਲੋ ਰਿਪੋਰਟ ਮੰਗੀ ਗਈ ਅਤੇ ਸ਼ਾਖਾ ਵੱਲੋ ਦੱਸਿਆ ਗਿਆ ਕਿ ਸਟਰੇਟ ਬੋਰ ਉਪਰ 19.46 ਲੱਖ ਰੁਪਏ ਦਾ ਖਰਚਾ ਆਉਣ ਦਾ ਅਨੁਮਾਨ ਹੈ। ਜਦਕਿ ਰਿੰਗ ਬੋਰ ਦਾ ਤਖਮੀਨਾਂ 24.63 ਲੱਖ ਰੁਪਏ ਦਾ ਸੀ।ਸਟਰੇਟ ਬੋਰ ਦਾ ਤਖਮੀਨਾਂ ਨਾਲ ਨੱਥੀ। ਇਸ ਤਖਮੀਨੇ ਵਿੱਚ ਐਸ ਐਸ ਫੀਲਟਰ ਲਿਆ ਗਿਆ ਹੈ ਕਿਊਕਿ ਜੋ ਰਿੰਗ ਮਸ਼ੀਨ ਸਾਈਟ ਤੇ ਨਹੀ ਪਹੁੰਚ ਰਹੀ ਇਸ ਲਈ ਸਟਰੇਟ ਬੋਰ ਲਾਉਣ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

ਵਿੱਤ ਅਤੇ ਠੇਕਾ ਕਮੇਟੀ ਨੂੰ ਪ੍ਰਵਾਨਗੀ ਹਿੱਤ ਭੇਜਣ ਲਈ ਰਿਪੋਰਟ ਪੇਸ਼ ਹੈ ਜੀ।

**ਮਤਾ ਨੰਬਰ : 100 ਸਰਵਸੰਮਤੀ ਨਾਲ ਪ੍ਰਵਾਨ ਹੈ।**

ਮੇਅਰ
ਨਗਰ ਨਿਗਮ, ਮੋਗਾ।

ਸਕੱਤਰ
ਨਗਰ ਨਿਗ